# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ : ਸਿ :), ਪੰਜਾਬ ।

(ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

## ਪਬਲਿਕ ਨੋਟਿਸ

**(ਲੈਕਚਰਾਰ ਕਾਡਰ (ਬੈਕਲਾਗ ਅਤੇ ਸਿਧੀ ਭਰਤੀ) ਦੀਆਂ ਅਸਾਮੀਆ ਵਿਰੱਧ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸਨ ਅਲਾਟ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿਚ ਲੈਕਚਰਾਰ ਕਾਡਰ (ਬੈਕਲਾਗ ਅਤੇ ਸਿਧੀ ਭਰਤੀ) ਦੀਆਂ ਵੱਖ-ਵੱਖ ਵਿਸਿਆ ਦੀਆ ਅਸਾਮੀਆ ਭਰਨ ਲਈ ਮਿਤੀ 01-04-2021 ਨੂੰ ਇਸਤਿਹਾਰ ਦਿਤਾ ਗਿਆ ਸੀ। ਇਹਨਾਂ ਅਸਾਮੀਆ ਲਈ ਜਿਹਨਾ ਉਮੀਦਵਾਰਾ ਨੇ ਅਪਲਾਈ ਕੀਤਾ ਸੀ ਉਹਨਾ ਵਿਚੋਂ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣੇ ਹਨ। ਇਹਨਾ ਸਿਲੈਕਟ ਕੀਤੇ ਉਮੀਦਵਾਰਾਂ ਦੀ ਲਿਸਟਾਂ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀਆਂ ਗਈਆਂ ਸਨ। ਇਸ ਉਪਰੰਤ ਸਿਲੈਕਟ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 **ਜਿਹਨਾਂ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਉਹਨਾ ਨੂੰ ਹੁਣ ਵਿਭਾਗ ਵਲੋਂ ਸਟੇਸ਼ਨ ਅਲਾਟ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।**

3.0 ਸਾਰੇ ਨਵ-ਨਿਯੁਕਤ ਲੈਕਚਰਾਰਾਂ ਦੀ ਵਿਸੇ ਵਾਰ ਸਟੇਸ਼ਨ ਚੋਣ ਸੂਚੀ ਤਿਆਰ ਕੀਤੀ ਗਈ ਹੈ, ਜੋ ਕਿ ਇਹਨਾ ਦੇ ਵਟਸਐਪ ਗਰੁੱਪਾਂ ਵਿਚ ਵਖਰੇ ਤੌਰ ਤੇ ਅਪਲੋਡ ਕੀਤੀ ਜਾਵੇਗੀ। ਸਮੂਹ ਨਵ-ਨਿਯੁਕਤ ਲੈਕਚਰਾਰਾਂ ਨੂੰ ਤੈਨਾਤੀ ਲਈ ਸਟੇਸ਼ਨ ਦੀ ਚੋਣ ਇਸ ਚੋਣ ਸੂਚੀ ਵਿਚ ਦਰਜ ਕ੍ਰਮ ਅਨੁਸਾਰ ਕਰਵਾਈ ਜਾਵੇਗੀ।

4.0 ਇਹ ਨਵਨਿਯੁਕਤ ਲੈਕਚਰਾਰ ਮਿਤੀ 27-08-2021 ਨੂੰ ਹੇਠਾਂ ਦਰਸਾਏ ਸਥਾਨ ਤੇ ਨਿੱਜੀ ਤੌਰ ਤੇ ਹਾਜਰ ਹੋ ਕੇ ਆਪਣਾ ਸਟੇਸਨ ਚੋਣ ਕਰਨਗੇ। ਸਾਰੇ ਨਵ ਨਿਯੁਕਤ ਲੈਕਚਰਾਰ ਆਪਣੇ ਨਾਲ ਆਪਣਾ ਨਿਯੁਕਤੀ ਪੱਤਰ, ਅਪਲਾਈ ਕਰਨ ਦਾ ਸਬੂਤ ਅਤੇ ਆਪਣਾ ਪਹਿਚਾਣ ਪੱਤਰ ਲੈ ਕੇ ਹੇਠਾਂ ਦਰਸਾਏ ਅਨੁਸਾਰ ਸਥਾਨ ਤੇ ਹਾਜਰ ਹੋਣਗੇ :-

**ਮਿਤੀ 27-08-2021 (ਸ਼ੁਕਰਵਾਰ)**

| ਲੜੀ ਨੰ: | ਲੈਕਚਰਾਰ ਕਾਡਰ ਦੀ ਅਸਾਮੀ ਦਾ ਵਿਸਾ | ਬੁਲਾਏ ਜਾਣ ਵਾਲੇ ਉਮੀਦਵਾਰ | ਸਮਾਂ | ਸਥਾਨ ਜਿਥੇ ਨਿਯੁਕਤੀ ਪੱਤਰ ਦਿੱਤਾ ਜਾਣਾ ਹੈ। |
|---|---|---|---|---|
| 1. | English | All Selected Candidates | 11.00 ਵਜੇ | ਸ਼ਿਵਾਲਿਕ ਪਬਲਿਕ ਸਕੂਲ, ਫੇਜ-6, ਐਸ ਏ ਐਸ ਨਗਰ |
| 2. | Punjabi | All Selected Candidates | 12.00 ਵਜੇ | |
| 3. | Geography | All Selected Candidates | 01.00 ਵਜੇ | |
| 4. | Hindi | All Selected Candidates | 01.30 ਵਜੇ | |
| 5. | Economics | All Selected Candidates | 02.30 ਵਜੇ | |
| 6. | Biology | All Selected Candidates | 03.30 ਵਜੇ | |
| 7. | Physics | All Selected Candidates | 04.30 ਵਜੇ | |

5.0 ਸਿਰਫ ਵਿਸ਼ਾ ਵਾਰ ਸਟੇਸ਼ਨ ਚੋਣ ਸੂਚੀ ਅਨੁਸਾਰ ਸਟੇਸ਼ਨ ਅਲਾਟਮੈਂਟ ਕੀਤੀ ਜਾਵੇਗੀ। ਅਗਰ ਕੋਈ ਨਵ-ਨਿਯੁਕਤ ਲੈਕਚਰਾਰ ਆਪਣੇ ਸਟੇਸ਼ਨ ਅਲਾਟਮੈਂਟ ਲਈ ਉਚ ਅਧੀਕਾਰੀਆਂ ਪਾਸ ਕਿਸੇ ਵੀ ਤਰਾਂ ਪਹੁੰਚ ਕਰੇਗਾ ਜਾਂ ਕਿਸੇ ਵੀ ਤਰਾਂ ਸਿਫਾਰਿਸ ਕਰਵਾਏਗਾ ਤਾਂ ਉਸ ਨੂੰ ਉਸ ਦੀ ਪਸੰਦ ਅਨੁਸਾਰ ਸਟੇਸ਼ਨ ਅਲਾਟ ਨਹੀ ਕੀਤਾ ਜਾਵੇਗਾ ਅਤੇ ਵਿਭਾਗ ਵਲੋਂ ਉਸ ਨੂੰ ਆਪਣੇ ਆਪ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ। ਇਸ ਸਬੰਧੀ ਪਹਿਲਾ ਹੀ ਪੰਜਾਬ ਸਰਕਾਰ ਦੇ **ਸਰਕਾਰੀ ਕਰਮਚਾਰੀ (ਕੰਡਕਟ) ਰੂਲਜ**, 1966 ਵਿਚ ਸਪਸ਼ਟ ਤੌਰ ਤੇ ਦਰਜ ਕੀਤਾ ਹੋਇਆ ਹੈ। ਇਸ ਲਈ ਨਵ-ਨਿਯੁਕਤ ਲੈਕਚਰਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹਨਾ ਵਲੋਂ ਸਟੇਸ਼ਨ ਅਲਾਟਮੈਂਟ ਲਈ ਵਿਭਾਗ ਤੇ ਕਿਸੇ ਵੀ ਤਰਾਂ ਦੇ ਬਾਹਰੀ ਦਬਾਅ ਪਾਉਣ ਤੋਂ ਗੁਰੇਜ ਕੀਤਾ ਜਾਵੇ।

6.0 ਅਗਰ ਕੋਈ ਨਵਨਿਯੁਕਤ ਲੈਕਚਰਾਰ ਆਪਣਾ ਸਟੇਸਨ ਚੋਣ ਕਰਨ ਲਈ ਹਾਜਰ ਨਹੀ ਹੁੰਦਾਂ ਤਾਂ ਵਿਭਾਗ ਵਲੋਂ ਉਸ ਨੂੰ ਆਪਣੇ ਪੱਧਰ ਤੇ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।

7.0 ਸਾਰੇ ਅਧਿਆਪਕ ਸਰਕਾਰ ਦੀਆਂ ਕੋਵਿਡ-19 ਦੀਆ ਹਦਾਇਤਾਂ ਨੂੰ ਮੱਦੇਨਜਰ ਰੱਖਦੇ ਹੋਏ ਮਾਸਕ ਲਗਾਕੇ ਆਉਣਾ ਅਤੇ ਸੋਸਲ ਡਿਸਟੈਸਿੰਗ ਰੱਖਣਾ ਯਕੀਨੀ ਬਣਾਉਣਗੇ।

ਗੁਰਜੀਤ 26.08-2021

ਸਹਾਇਕ ਡਾਇਰੈਕਟਰ (ਸ:ਪ੍ਰ-1)

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ: 26-08-21